# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ



## ਮਦਰਜ਼ ਡੇਅ ਮੌਕੇ ਅੰਤਰਰਾਸ਼ਟਰੀ ਕਵੀ ਦਰਬਾਰ ਵਿਚ ਪੰਜਾਬੀ ਸ਼ਾਇਰਾਂ ਨੇ ਮਾਂ ਦੀ ਮਮਤਾ ਨੂੰ ਕੀਤਾ ਸਿਜਦਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਿਆਟਲ, 14 ਮਈ : ਪੰਜਾਬੀ ਲਿਖਾਰੀ ਸਭਾ ਸਿਆਟਲ ਅਤੇ ਪੰਜਾਬੀ ਸਭਾ ਬੈਲਿੰਗਹੈਮ ਦੇ ਸਾਂਝੇ ਉਪਰਾਲੇ ਸਦਕਾ 'ਮਦਰਜ਼ ਡੇਅ' ਦੇ ਪਾਵਨ ਮੌਕੇ 'ਤੇ ਬੀਤੇ ਐਤਵਾਰ 'ਅੰਤਰਰਾਸ਼ਟਰੀ ਕਵੀ ਦਰਬਾਰ' ਕਰਵਾਇਆ ਗਿਆ। ਇਸ ਆਨਲਾਈਨ (ਜ਼ੂਮ) ਸਮਾਗਮ ਨੇ ਅਮਰੀਕਾ, ਕੈਨੇਡਾ, ਭਾਰਤ, ਇਟਲੀ ਅਤੇ ਇੰਗਲੈਂਡ ਦੇ ਨਾਮਵਰ ਸਾਹਿਤਕਾਰਾਂ ਨੂੰ ਇੱਕ ਮੰਚ 'ਤੇ ਇਕੱਠਾ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਮਾਂ ਦੀ ਮਹਿਮਾ ਬਾਰੇ ਸੁੰਦਰ ਵਿਚਾਰਾਂ ਨਾਲ ਹੋਈ।

ਲਗਭਗ ਢਾਈ ਘੰਟੇ ਚੱਲੇ ਇਸ ਕਵੀ ਦਰਬਾਰ ਵਿੱਚ ਵੱਖ-ਵੱਖ ਦੇਸ਼ਾਂ ਤੋਂ ਜੁੜੇ ਸ਼ਾਇਰਾਂ ਨੇ ਆਪਣੀਆਂ ਭਾਵਪੂਰਤ ਰਚਨਾਵਾਂ ਰਾਹੀਂ ਮਾਂ ਦੇ ਅਨੇਕਾਂ ਰੂਪਾਂ ਨੂੰ ਪੇਸ਼ ਕੀਤਾ। ਹਾਜ਼ਰੀ ਲਗਵਾਉਣ ਵਾਲੇ ਪ੍ਰਮੁੱਖ ਕਵੀਆਂ ਵਿੱਚ ਅਵਤਾਰ ਸਿੰਘ ਆਦਮਪੁਰੀ, ਡਾ. ਸੁਖਵੀਰ ਬੀਹਲਾ, ਸਰਬਜੀਤ ਸਿੰਘ ਨੂਰ, ਗੁਰਪ੍ਰੀਤ ਸੋਹਲ, ਮਨਜੀਤ ਕੌਰ ਗਿੱਲ, ਕਰਮਜੀਤ ਕੌਰ (ਇਟਲੀ), ਸੁਖਦੇਵ ਸਿੰਘ ਗੰਢਵਾਂ, ਸਰਬਜੀਤ ਕੌਰ ਹਾਜੀਪੁਰ, ਰੂਪੀ ਹੁੰਦਲ, ਪ੍ਰੋ. ਜਗੀਰ ਸਿੰਘ, ਦਵਿੰਦਰ ਕੌਰ ਗੁਰਾਇਆ, ਬਿੰਦੂ ਮਠਾਰੂ, ਮਹਿੰਦਰ ਕੌਰ ਕੁਰੂਕਸ਼ੇਤਰ, ਪ੍ਰਵੀਨ ਕੌਰ ਬਟਾਲਾ, ਸੁੱਖ ਸੁਖਵਿੰਦਰ ਕੌਰ, ਮਨਪ੍ਰੀਤ ਕੌਰ ਸੰਧੂ (ਮੁੰਬਈ), ਸੁਰਜੀਤ ਕੌਰ ਟਰਾਂਟੋ ਅਤੇ ਮਨਜੀਤ ਸਿੰਘ ਚਾਤ੍ਰਿਕ ਸ਼ਾਮਲ ਸਨ।

ਕਵੀਆਂ ਨੇ ਜਿੱਥੇ ਮਾਂ ਦੇ ਨਿਸ਼ਕਾਮ ਪਿਆਰ ਅਤੇ ਸੰਘਰਸ਼ ਦੀ ਗਾਥਾ ਸੁਣਾਈ, ਉੱਥੇ ਹੀ ਪਰਦੇਸਾਂ ਵਿੱਚ ਵੱਸਦੇ ਬੱਚਿਆਂ ਦੇ ਦਿਲਾਂ ਵਿੱਚ ਮਾਂ ਦੀ ਯਾਦ ਦੀ ਤੜਫ ਨੂੰ ਵੀ ਬੜੀ ਸੰਵੇਦਨਸ਼ੀਲਤਾ ਨਾਲ ਬਿਆਨ ਕੀਤਾ। ਇਹ ਪ੍ਰੋਗਰਾਮ ਇੱਕ ਅਜਿਹੇ ਗੁਲਦਸਤੇ ਵਾਂਗ ਰਿਹਾ, ਜਿਸ ਵਿੱਚ ਹਰ ਕਵੀ ਇੱਕ ਵੱਖਰੇ ਰੰਗ ਅਤੇ ਖੁਸ਼ਬੂ ਵਾਲੇ ਫੁੱਲ ਵਾਂਗ ਸੀ। ਜ਼ੂਮ ਰਾਹੀਂ ਜੁੜੇ ਸਰੋਤਿਆਂ ਨੇ ਕਵੀਆਂ ਦੀਆਂ ਬਿਹਤਰੀਨ ਪੇਸ਼ਕਾਰੀਆਂ 'ਤੇ ਖੁੱਲ੍ਹ ਕੇ ਦਾਦ ਦਿੱਤੀ ਅਤੇ ਅਖੀਰ ਤੱਕ ਇਸ ਸਾਹਿਤਕ ਰੰਗ ਵਿੱਚ ਰੰਗੇ ਰਹੇ।

ਸਮਾਗਮ ਦੇ ਅਖੀਰ ਵਿੱਚ ਦੋਵਾਂ ਸਭਾਵਾਂ ਦੇ ਪ੍ਰਬੰਧਕਾਂ ਵੱਲੋਂ ਸਮੂਹ ਸ਼ਾਇਰਾਂ, ਦਰਸ਼ਕਾਂ ਅਤੇ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਦੁਨੀਆ ਭਰ ਵਿੱਚ ਜਿਊਂਦਾ ਰੱਖਣ ਲਈ ਅਜਿਹੇ ਸਾਹਿਤਕ ਸਮਾਗਮ ਬਹੁਤ ਮਹੱਤਵਪੂਰਨ ਹਨ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਕਲਮੀਂ ਸਾਂਝ ਅਤੇ ਸਾਹਿਤਕ ਮਿਲਾਪ ਜਾਰੀ ਰਹੇਗਾ। ਇਸ ਤਰ੍ਹਾਂ ਇਹ 'ਮਦਰਜ਼ ਡੇਅ' ਵਿਸ਼ਵ ਭਰ ਦੇ ਪੰਜਾਬੀ ਸਾਹਿਤ ਪ੍ਰੇਮੀਆਂ ਲਈ ਇੱਕ ਮਿਆਰੀ ਅਤੇ ਕਦੇ ਨਾ ਭੁੱਲਣ ਵਾਲੀ ਯਾਦ ਹੋ ਨਿੱਬੜਿਆ। ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਸੋਹਲ ਨੇ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਮੰਚ ਸੰਚਾਲਨ ਕਰਦਿਆਂ ਸਮਾਗਮ ਦੀ ਰੂਹਾਨੀਅਤ ਨੂੰ ਅੰਤ ਤੱਕ ਬਰਕਰਾਰ ਰੱਖਿਆ।

## ਨਰਸਿੰਗ ਕੌਂਸਲ ਦੇ ਨੋਟੀਫਿਕੇਸ਼ਨ ਨੂੰ ਲਾਗੂ ਕਰਵਾਉਣ ਲਈ ਪੀਐੱਸਯੂ ਦਾ ਵਫ਼ਦ ਵਿਧਾਨ ਸਭਾ ਸਪੀਕਰ ਨੂੰ ਮਿਲਿਆ

### ਪੀਐੱਸਯੂ ਅਤੇ ਨਰਸਿੰਗ ਵਿਦਿਆਰਥੀਆਂ ਵੱਲੋਂ ਵਿਧਾਨ ਸਭਾ ਸਪੀਕਰ ਨੂੰ ਮੰਗ ਪੱਤਰ!

### ਬਾਬਾ ਫ਼ਰੀਦ ਯੂਨੀਵਰਸਿਟੀ ਨਰਸਿੰਗ ਕੌਂਸਲ ਦੇ ਨੋਟੀਫਿਕੇਸ਼ਨ ਨੂੰ ਸਹੀ ਤਰੀਕੇ ਨਾਲ ਲਾਗੂ ਕਰੇ : ਪੀਐੱਸਯੂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 14 ਮਈ : ਇੰਡੀਅਨ ਨਰਸਿੰਗ ਕੌਂਸਲ ਵੱਲੋਂ ਅਕਤੂਬਰ-2025 ਅਤੇ ਜਨਵਰੀ 2026 ਨੂੰ ਪ੍ਰੀਖਿਆ ਨਿਯਮਾਂ ਵਿੱਚ ਸੋਧ ਕਰਦੇ ਹੋਏ ਨਵਾਂ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਜਿਸ ਨੂੰ ਲਾਗੂ ਕਰਵਾਉਣ ਲਈ ਪੰਜਾਬ ਸਟੂਡੈਂਟਸ ਯੂਨੀਅਨ, ਜੰਮੂ ਕਸ਼ਮੀਰ ਸਟੂਡੈਂਟਸ ਯੂਨੀਅਨ ਅਤੇ ਨਰਸਿੰਗ ਵਿਦਿਆਰਥੀਆਂ ਦਾ ਵਫ਼ਦ ਬਾਬਾ ਫ਼ਰੀਦ ਯੂਨੀਵਰਸਿਟੀ ਦੇ ਪ੍ਰਸ਼ਾਸ਼ਨ ਨੂੰ ਵੀ ਮਿਲ ਚੁੱਕਾ ਹੈ। ਬਾਬਾ ਫ਼ਰੀਦ ਯੂਨੀਵਰਸਿਟੀ ਅਤੇ ਨਰਸਿੰਗ ਕੌਂਸਲ ਨੂੰ ਆਰਟੀਆਈ ਵੀ ਪਾਈ ਗਈ ਹੈ ਜਿਸ ਦਾ ਹਾਲੇ ਤੱਕ ਕੋਈ ਜਵਾਬ ਨਹੀਂ ਦਿੱਤਾ ਗਿਆ। ਨੋਟੀਫਿਕੇਸ਼ਨ ਨੂੰ ਲਾਗੂ ਕਰਵਾਉਣ ਲਈ ਅੱਜ ਪੀਐੱਸਯੂ ਅਤੇ ਨਰਸਿੰਗ ਵਿਦਿਆਰਥੀਆਂ ਦਾ ਵਫ਼ਦ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਮਿਲਿਆ ਅਤੇ ਮੰਗ ਪੱਤਰ ਸੋਪਿਆਂ ਗਿਆ। ਜਾਣਕਾਰੀ ਦਿੰਦੇ ਹੋਏ ਸੂਬਾ ਕਮੇਟੀ ਮੈਂਬਰ ਹਰਵੀਰ ਕੌਰ ਨੇ ਕਿਹਾ ਕਿ 2022 ਬੈਚ ਦੇ ਨਰਸਿੰਗ ਵਿਦਿਆਰਥੀ ਜੋ ਕਿ ਚੌਥੇ ਸਮੈਸਟਰ ਦੀ ਦੀ ਸਪਲੀ ਕਰਕੇ ਛੇ ਮਹੀਨੇ ਪਿੱਛੇ ਰਹਿ ਗਏ ਸਨ ਉਹ ਆਪਣੇ ਸਪਲੀ ਦੇ ਪੇਪਰ ਦੇ ਚੁੱਕੇ ਹਨ ਅਤੇ ਫ਼ਿਰ ਵੀ ਛੇ ਮਹੀਨੇ ਪਿੱਛੇ ਹੀ ਹਨ। ਵਿਦਿਆਰਥੀ ਹੁਣ ਆਪਣੇ ਛੇਵੇਂ ਸਮੈਮਸਰ ਦੇ ਪੇਪਰਾਂ ਦੀ ਤਿਆਰੀ ਕਰ ਰਹੇ ਹਨ ਜਦਕਿ ਉਹ ਸਤਵੇਂ ਸਮੈਸਟਰ ਦੀਆਂ ਕਲਾਸਾਂ ਲਗਾ ਰਹੇ ਹਨ। ਨਰਸਿੰਗ ਕੌਂਸਲ ਦੇ ਨਵੇਂ ਨਿਯਮਾਂ ਮੁਤਾਬਿਕ ਵਿਦਿਆਰਥੀਆਂ ਦੇ 6 ਵੇਂ ਅਤੇ 7 ਵੇਂ ਸਮੈਸਟਰ ਦੇ ਪੇਪਰ ਉਹਨਾਂ ਦੇ ਚੱਲਦੇ ਸ਼ੈਸ਼ਨ ਵਿਚ ਲਏ ਜਾ ਸਕਦੇ ਹਨ ਤਾਂ ਕਿ ਉਹ ਆਪਣੀ ਪੜ੍ਹਾਈ ਆਪਣੇ ਸ਼ੈਸ਼ਨ ਦੇ ਵਿੱਚ ਪੂਰੀ ਕਰ ਸਕਣ। ਵਿਦਿਆਰਥੀ ਆਗੂ ਜਸਨੀਤ ਸਿੰਘ, ਵਨੀਤ, ਮੁਜ਼ਮਿਲ, ਵਿਸ਼ਾਲ ਸਿੰਘ ਨੇ ਕਿਹਾ ਕਿ ਨਰਸਿੰਗ ਕੌਂਸਲ ਦੇ ਨਿਯਮ ਇਹ ਕਹਿੰਦੇ ਹਨ ਕਿ 7 ਵੇਂ ਸਮੈਸਟਰ ਤੱਕ ਕਿਸੇ ਨੂੰ ਵੀ ਛੇ ਮਹੀਨੇ ਪਿੱਛੇ ਨਹੀਂ ਰੱਖਿਆ ਜਾਣਾ ਚਾਹੀਦਾ ਪਰ ਬਾਬਾ ਫ਼ਰੀਦ ਯੂਨੀਵਰਸਿਟੀ ਇਸ ਨੋਟੀਫਿਕੇਸ਼ਨ ਨੂੰ ਨਜ਼ਰ ਅੰਦਾਜ ਕਰ ਰਹੀ ਹੈ। ਮਸਲਾ ਧਿਆਨ ਵਿੱਚ ਹੋਣ ਦੇ ਬਾਵਜੂਦ ਵੀ ਇਸ ਨੂੰ ਹੱਲ ਨਹੀਂ ਕੀਤਾ ਜਾ ਰਿਹਾ। ਉਹਨਾਂ ਮੰਗ ਕੀਤੀ ਕਿ ਬੈਚ 2022 ਦੇ ਵਿਦਿਆਰਥੀਆਂ ਦੇ ਪੇਪਰ ਉਹਨਾਂ ਦੇ ਚੱਲਦੇ ਸ਼ੈਸ਼ਨ ਅੰਦਰ ਹੀ ਲਏ ਜਾਣ ਅਤੇ ਛੇਵੇਂ ਸਮੈਸਟਰ ਦੇ ਪੇਪਰਾਂ ਦੀ ਡੇਟਸ਼ੀਟ ਜਾਰੀ ਕੀਤੀ ਜਾਵੇ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮਸਲੇ ਨੂੰ ਹੱਲ ਕਰਵਾਉਣ ਦਾ ਭਰੋਸਾ ਦਿੱਤਾ।

## ਪੀ.ਏ.ਯੂ. ਨੇ ਜੈਵਿਕ ਖੇਤੀ ਦੇ ਕਿਸਾਨਾਂ ਲਈ ਸਿਖਲਾਈ ਕੈਂਪ ਆਯੋਜਿਤ ਕੀਤਾ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 14 ਮਈ : ਪੀ.ਏ.ਯੂ. ਦੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਦੀ ਯੋਗ ਅਗਵਾਈ ਅਤੇ ਅਪਰ ਨਿਰਦੇਸ਼ਕ ਸੰਚਾਰ ਡਾ. ਤੇਜਿੰਦਰ ਸਿੰਘ ਰਿਆੜ ਦੀ ਨਿਗਰਾਨੀ ਹੇਠ ਜੈਵਿਕ ਖੇਤੀ ਕਰਨ ਵਾਲੇ ਕਿਸਾਨਾਂ ਦੇ ਕਲੱਬ ਨੇ ਸਿਖਲਾਈ ਕੈਂਪ ਆਯੋਜਿਤ ਕੀਤਾ| ਇਸ ਵਿਚ 65 ਜੈਵਿਕ ਖੇਤੀ ਕਿਸਾਨ ਸ਼ਾਮਿਲ ਹੋਏ|

ਇਸ ਕੈਂਪ ਦੇ ਨਿਰਦੇਸ਼ਕ ਅਤੇ ਪੀ.ਏ.ਯੂ. ਦੇ ਅਪਰ ਨਿਰਦੇਸ਼ਕ ਸੰਚਾਰ ਡਾ. ਤੇਜਿੰਦਰ ਸਿੰਘ ਰਿਆੜ ਨੇ ਕਿਹਾ ਕਿ ਉਤਪਾਦਨ ਦੇ ਨਾਲ-ਨਾਲ ਮੌਜੂਦਾ ਦੌਰ ਜਿਣਸਾਂ ਦੀ ਗੁਣਵੱਤਾ ਅਤੇ ਸ਼ੁੱਧਤਾ ਨੂੰ ਖਪਤਕਾਰ ਤੱਕ ਪਹੁੰਚਾਉਣ ਦਾ ਹੈ| ਇਸਲਈ ਵੱਧ ਤੋਂ ਵੱਧ ਕਿਸਾਨ ਰਸਾਇਣ ਮੁਕਤ ਜੈਵਿਕ ਅਤੇ ਕੁਦਰਤੀ ਖੇਤੀ ਨਾਲ ਜੁੜ ਰਹੇ ਹਨ| ਉਹਨਾਂ ਕਿਹਾ ਕਿ ਜੈਵਿਕ ਖੇਤੀ ਤਰੀਕੇ ਅਪਨਾਉਣ ਲਈ ਇਸ ਦੀ ਬਕਾਇਦਾ ਸਮਝ ਅਤੇ ਸੋਝੀ ਹਾਸਲ ਕਰਨ ਵਾਸਤੇ ਹੀ ਕਲੱਬ ਵੱਲੋਂ ਹਰ ਤਿੰਨ ਮਹੀਨਿਆਂ ਬਾਅਦ ਇਸ ਕੈਂਪ ਦਾ ਆਯੋਜਨ ਕੀਤਾ ਜਾਂਦਾ ਹੈ| ਡਾ. ਰਿਆੜ ਨੇ ਕਿਸਾਨਾਂ ਨੂੰ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਜੈਵਿਕ ਖੇਤੀ ਬਾਰੇ ਸਾਹਿਤ ਨਾਲ ਜੁੜਨ ਦੀ ਅਪੀਲ ਵੀ ਕੀਤੀ|

ਡਾ. ਰੁਚਿਕਾ ਭਾਰਦਵਾਜ ਨੇ ਮੋਟੇ ਅਨਾਜਾਂ ਦੀ ਕਾਸ਼ਤ ਅਤੇ ਪ੍ਰੋਸੈਸਿੰਗ ਬਾਰੇ, ਡਾ. ਅਮਨਪ੍ਰੀਤ ਨੇ ਸਰ੍ਹੋਂ ਦੀ ਜੈਵਿਕ ਕਾਸ਼ਤ ਬਾਰੇ, ਡਾ. ਗੁਰਪ੍ਰੀਤ ਸਿੰਘ ਨੇ ਤਿਲਾਂ ਅਤੇ ਮੂੰਗਫਲੀ ਦੀ ਜੈਵਿਕ ਖੇਤੀ ਬਾਰੇ ਅਤੇ ਜੈਵਿਕ ਖੇਤੀ ਸਕੂਲ ਦੇ ਨਿਰਦੇਸ਼ਕ ਡਾ. ਸੋਹਨ ਸਿੰਘ ਵਾਲੀਆ ਨੇ ਜੈਵਿਕ ਖੇਤੀ ਦੇ ਮਹੱਤਵ ਅਤੇ ਇਸ ਨਾਲ ਜੁੜਨ ਵਾਲੇ ਕਿਸਾਨਾਂ ਦੇ ਮੁਨਾਫ਼ੇ ਵਿਚ ਵਾਧੇ ਬਾਰੇ ਵਿਸਥਾਰ ਨਾਲ ਗੱਲ ਕੀਤੀ|

ਇਸ ਮੌਕੇ ਡਾ. ਅਮਨਦੀਪ ਸਿੰਘ ਸਿੱਧੂ ਨੇ ਹਾਜ਼ਰ ਮਾਹਿਰਾਂ ਅਤੇ ਕਿਸਾਨਾਂ ਦਾ ਸਵਾਗਤ ਕੀਤਾ| ਅੰਤ ਵਿਚ ਕਲੱਬ ਦੇ ਪ੍ਰਧਾਨ ਅੰਮ੍ਰਿਤ ਸਿੰਘ ਚਾਹਲ ਨੇ ਸਭ ਦਾ ਧੰਨਵਾਦ ਕੀਤਾ| ਇਸ ਸਮਾਗਮ ਦੇ ਕਨਵੀਨਰ ਸੰਚਾਰ ਕੇਂਦਰ ਦੇ ਸ੍ਰੀ ਵਰਿੰਦਰ ਸਿੰਘ ਸਨ|

## ਤਰਕਸ਼ੀਲ ਆਗੂ ਬਾਈ ਅਵਤਾਰ ਗਿੱਲ ਦੀ ਯਾਦ ਵਿੱਚ ਸਰੀ ਵਿਚ ਪ੍ਰਭਾਵਸ਼ਾਲੀ ਸ਼ਰਧਾਂਜਲੀ ਸਮਾਰੋਹ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 14 ਮਈ : ਸਮਾਜ ਵਿੱਚੋਂ ਅੰਧ-ਵਿਸ਼ਵਾਸ ਅਤੇ ਪਾਖੰਡਵਾਦ ਨੂੰ ਖਤਮ ਕਰਨ ਲਈ ਆਪਣੀ ਸਾਰੀ ਜ਼ਿੰਦਗੀ ਲੇਖੇ ਲਾਉਣ ਵਾਲੇ ਤਰਕਸ਼ੀਲ ਆਗੂ ਬਾਈ ਅਵਤਾਰ ਗਿੱਲ ਦੀ ਯਾਦ ਵਿੱਚ ਬੀਤੇ ਦਿਨੀਂ ਸਰੀ ਦੇ ਗਰੈਂਡ ਤਾਜ ਹਾਲ ਵਿਖੇ ਇੱਕ ਪ੍ਰਭਾਵਸ਼ਾਲੀ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ। ਇਸ ਸਮਾਗਮ ਵਿੱਚ ਅਗਾਂਹਵਧੂ ਸੋਚ ਰੱਖਣ ਵਾਲੀਆਂ ਅਨੇਕਾਂ ਸ਼ਖਸੀਅਤਾਂ ਨੇ ਸ਼ਿਰਕਤ ਕਰਕੇ ਬਾਈ ਜੀ ਦੇ ਜੀਵਨ ਅਤੇ ਫਲਸਫੇ ਨੂੰ ਯਾਦ ਕੀਤਾ। ਜ਼ਿਕਰਯੋਗ ਹੈ ਕਿ ਬਾਈ ਅਵਤਾਰ 14 ਮਾਰਚ 2026 ਨੂੰ ਆਪਣੀ ਭਾਰਤ ਫੇਰੀ ਦੌਰਾਨ ਅਚਾਨਕ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ ਅਤੇ ਉਨ੍ਹਾਂ ਦੀ ਇੱਛਾ ਅਨੁਸਾਰ ਉਨ੍ਹਾਂ ਦਾ ਸਰੀਰ ਲੁਧਿਆਣਾ ਦੇ ਈ.ਐਸ.ਆਈ. ਹਸਪਤਾਲ ਨੂੰ ਦਾਨ ਕਰ ਦਿੱਤਾ ਗਿਆ ਸੀ।

ਸਮਾਗਮ ਦੀ ਸ਼ੁਰੂਆਤ "ਮਿਸ਼ਾਲਾਂ ਬਾਲ ਕੇ ਚਲਣਾ ਜਦੋਂ ਤੱਕ ਰਾਤ ਬਾਕੀ ਹੈ" ਗੀਤ ਨਾਲ ਕੀਤੀ ਗਈ ਅਤੇ ਸੰਤ ਰਾਮ ਉਦਾਸੀ ਦੇ ਗੀਤ 'ਤੂੰ ਮੱਘਦਾ ਰਹੀਂ ਵੇ ਸੂਰਜ ਕੰਮੀਆਂ ਦੇ ਵਿਹੜੇ' ਦੇ ਨਾਲ ਬਾਈ ਜੀ ਦੀ ਜਿੰਦਗੀ ਦਾ ਸਲਾਈਡ ਸ਼ੋਅ ਚਲਾਇਆ ਗਿਆ। ਤਰਕਸ਼ੀਲ ਸੋਸਾਇਟੀ ਦੇ ਪ੍ਰਧਾਨ ਜਸਵਿੰਦਰ ਸਿੰਘ ਹੇਅਰ ਨੇ ਬਾਈ ਅਵਤਾਰ ਦੀ ਸੁਪਤਨੀ ਬੀਬੀ ਸੁਰਿੰਦਰ ਕੌਰ, ਪਰਿਵਾਰਕ ਮੈਂਬਰਾਂ ਅਤੇ ਦੂਰ-ਦੁਰਾਡੇ ਤੋਂ ਪਹੁੰਚੇ ਸਾਰੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ । ਉਨ੍ਹਾਂ ਬਾਈ ਜੀ ਦੀ ਜ਼ਿੰਦਗੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕਿਵੇਂ ਬਾਈ ਜੀ ਨਾਲ ਸੰਪਰਕ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਦੇ ਆਪਣੇ ਵਰਤਾਓ ਵਿੱਚ ਵੀ ਵੱਡੀ ਤਬਦੀਲੀ ਆਈ। ਇਸ ਮੌਕੇ ਬਾਈ ਜੀ ਦੇ ਸਪੁੱਤਰ ਜਗਦੀਪ ਸਿੰਘ ਗਿੱਲ ਨੇ ਆਪਣੇ ਪਿਤਾ ਦੀ ਸਖ਼ਤ ਮਿਹਨਤ ਅਤੇ ਚੰਗੇ ਸੰਸਕਾਰਾਂ ਨੂੰ ਯਾਦ ਕੀਤਾ। ਪਰਿਵਾਰ ਦੇ ਹੋਰ ਮੈਂਬਰਾਂ ਨੇ ਵੀ ਬਾਈ ਜੀ ਪ੍ਰਤੀ ਆਪਣਾ ਸਨਮਾਨ ਭੇਟ ਕੀਤਾ ਅਤੇ ਸੋਸਾਇਟੀ ਵੱਲੋਂ ਪਰਿਵਾਰ ਨੂੰ ਸਨਮਾਨ ਪੱਤਰ ਦੇ ਕੇ ਨਿਵਾਜਿਆ ਗਿਆ।

ਸਮਾਗਮ ਦੌਰਾਨ ਵਿਚਾਰ ਸਾਂਝੇ ਕਰਨ ਵਾਲੇ ਬੁਲਾਰਿਆਂ ਵਿੱਚ ਇਤਿਹਾਸਕਾਰ ਪ੍ਰੋ. ਕਸ਼ਮੀਰਾ ਸਿੰਘ ਸ਼ਾਮਲ ਸਨ, ਜਿਨ੍ਹਾਂ ਨੇ 'ਬਾਈ ਜੀ ਤੇਰੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ' ਦਾ ਨਾਅਰਾ ਲਾਇਆ । ਡਾਕਟਰ ਸੁਖਦੇਵ ਸਿੰਘ ਮਾਨ ਨੇ ਸੋਸਾਇਟੀ ਦੇ ਕੰਮਾਂ ਬਾਰੇ ਦੱਸਿਆ । ਰੇਡੀਓ ਅਤੇ ਟੀਵੀ ਹੋਸਟ ਕੁਲਦੀਪ ਸਿੰਘ, ਰੇਡੀਓ ਕੁਨੈਕਟ ਐਫਐਮ ਤੋਂ ਜਸਪ੍ਰੀਤ ਸਿੱਧੂ, ਕਾਮਰੇਡ ਹਰਭਜਨ ਸਿੰਘ ਚੀਮਾ, ਨਵਜੋਤ ਢਿੱਲੋਂ, ਚਰਨਜੀਤ ਸਿੰਘ ਬਰਾੜ, ਨਵਲਪ੍ਰੀਤ ਰੰਗੀ, ਜਸਵੀਰ ਮੰਗੂਵਾਲ ਅਤੇ ਬਲਵਿੰਦਰ ਬਰਨਾਲਾ ਨੇ ਬਾਈ ਜੀ ਵੱਲੋਂ ਲੋਕਾਂ ਲਈ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਅੰਧ-ਵਿਸ਼ਵਾਸ ਵਿਰੁੱਧ ਜਾਗਰੂਕ ਹੋਣ ਦਾ ਹੋਕਾ ਦਿੱਤਾ। ਮਨਜੀਤ ਸਿੰਘ ਮੱਲ੍ਹਾ ਅਤੇ ਸੁਰਿੰਦਰ ਚਾਹਲ ਨੇ ਬਾਈ ਜੀ ਦੀਆਂ ਪਸੰਦੀਦਾ ਕਵਿਤਾਵਾਂ ਸੁਣਾਈਆਂ । ਇਸ ਮੌਕੇ ਪਰਮਿੰਦਰ ਸਵੈਚ, ਗੁਰਬਖਸ ਸਿੰਘ ਸਿੱਧੂ (ਸਨ ਸਿਟ ਸੀਨੀਅਰ ਸੈਂਟਰ), ਨਾਵਲਕਾਰ ਜਰਨੈਲ ਸਿੰਘ ਸੇਖਾ, ਮਸਹਨ ਗਿੱਲ, ਅਵਤਾਰ ਸਿੰਘ ਢਿੱਲੋਂ (ਇੰਡੋ ਕਨੇਡੀਅਨ ਸੀਨੀਅਰ ਸੈਂਟਰ), ਸੁਖਵੰਤ ਹੁੰਦਲ, ਮੱਖਣ ਸਿੰਘ, ਅਮਰਜੀਤ ਭੁੱਲਰ ਅਤੇ ਨਿਰੰਜਨ ਲਹਿਲ ਵੀ ਹਾਜ਼ਰ ਸਨ।

ਸਮੁੱਚੇ ਸਮਾਗਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਨਿਰਮਲ ਸਿੰਘ ਕਿੰਗਰਾ ਨੇ ਨਿਭਾਈ। ਸਮਾਗਮ ਦੌਰਾਨ ਤਰਕਸ਼ੀਲ ਸਾਹਿਤ ਦਾ ਸਟਾਲ ਖਿੱਚ ਦਾ ਕੇਂਦਰ ਰਿਹਾ। ਅਖੀਰ ਵਿੱਚ ਨਾਟਕਕਾਰ ਡਾ. ਸੋਮਪਾਲ ਹੀਰਾ ਦਾ ਲਿਖਿਆ ਅਤੇ ਡਾ. ਨਵਦੀਪ ਦੇ ਨਿਰਦੇਸ਼ਨ ਹੇਠ ਤਿਆਰ ਕੀਤਾ ਨਾਟਕ ਸੁਖਮਨ ਚੀਮਾ ਵੱਲੋਂ ਪੇਸ਼ ਕੀਤਾ ਗਿਆ। ਅੰਤ ਵਿਚ ਅਬੋਟਸਫ਼ੋਰਡ ਇਕਾਈ ਦੇ ਪ੍ਰਧਾਨ ਸਾਧੂ ਸਿੰਘ ਗਿੱਲ ਨੇ ਸਭ ਦਾ ਧੰਨਵਾਦ ਕੀਤਾ।

## ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਨੇ ਹੁਨਰ ਵਿਕਾਸ ਕੇਂਦਰ ਲਈ 8 ਲੱਖ ਰੁਪਏ ਦਾ ਚੈੱਕ ਡੀ.ਸੀ ਹਿਮਾਂਸ਼ੂ ਜੈਨ ਨੂੰ ਸੌਂਪਿਆ

### *ਪ੍ਰੋਜੈਕਟ ਨਾਰੀ ਸ਼ਕਤੀ ਤਹਿਤ ਵਰਧਮਾਨ ਸਟੀਲਜ਼ ਦੀ ਵੱਡੀ ਸੀ.ਐਸ.ਆਰ ਪਹਿਲ*

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 14 ਮਈ:ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਨੇ ਆਪਣੇ ਸੀ.ਐਸ.ਆਰ ਪਹਿਲਕਦਮੀ ਪ੍ਰੋਜੈਕਟ ਨਾਰੀ ਸ਼ਕਤੀ ਦੇ ਤਹਿਤ ਅੱਜ ਮਿੰਨੀ ਸਕੱਤਰੇਤ ਲੁਧਿਆਣਾ ਵਿੱਚ ਹੁਨਰ ਵਿਕਾਸ ਕੇਂਦਰ ਲਈ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੂੰ 8 ਲੱਖ ਰੁਪਏ ਦਾ ਚੈੱਕ ਸੌਂਪਿਆ।

ਇਹ ਚੈੱਕ ਸੀ.ਐਸ.ਆਰ ਮੁਖੀ ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਅਮਿਤ ਧਵਨ ਨੇ ਚੇਅਰਮੈਨ ਵੀ.ਐਸ.ਐਲ ਸਚਿਤ ਜੈਨ ਦੀ ਤਰਫੋਂ ਸੌਂਪਿਆ ਗਿਆ।

ਅਮਿਤ ਧਵਨ ਨੇ ਸਾਂਝਾ ਕੀਤਾ ਕਿ ਇਸ ਤੋਂ ਇਲਾਵਾ ਵਰਧਮਾਨ ਸਟੀਲਜ਼ ਟੀ.ਬੀ ਦੇ ਮਰੀਜ਼ਾਂ ਲਈ ਫੂਡ ਕਿੱਟਾਂ ਲਈ ਰੈੱਡ ਕਰਾਸ ਨੂੰ 6 ਲੱਖ ਰੁਪਏ ਅਤੇ ਪ੍ਰਸ਼ਾਸਨਿਕ ਡਾਕਟਰੀ ਸਹੂਲਤਾਂ ਦਾ ਸਮਰਥਨ ਕਰਨ ਲਈ ਆਪਣੀ ਸੀ.ਐਸ.ਆਰ ਪਹਿਲਕਦਮੀ ਦੇ ਤਹਿਤ 50 ਸਿਹਤ ਸੇਵਕਾਂ ਨੂੰ ਪ੍ਰਦਾਨ ਕਰੇਗਾ। ਉਨ੍ਹਾਂ ਸਾਂਝਾ ਕੀਤਾ ਕਿ ਵਰਧਮਾਨ ਸਟੀਲਜ਼ 100 ਝੁੱਗੀਆਂ-ਝੌਂਪੜੀਆਂ ਦੇ ਬੱਚਿਆਂ ਨੂੰ 30 ਲੱਖ ਰੁਪਏ ਪ੍ਰਤੀ ਸਾਲ ਦੀ ਸਹਾਇਤਾ ਨਾਲ ਜੀਵਨ ਭਰ ਮੁਫ਼ਤ ਸਿੱਖਿਆ ਦਾ ਵੀ ਸਮਰਥਨ ਕਰ ਰਿਹਾ ਹੈ।

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਵਰਧਮਾਨ ਸਪੈਸ਼ਲ ਸਟੀਲਜ਼ ਅਤੇ ਸਚਿਤ ਜੈਨ ਦਾ ਅਜਿਹੇ ਨੇਕ ਕੰਮਾਂ ਵਿੱਚ ਸਮਰਥਨ ਲਈ ਦਿਲੋਂ ਧੰਨਵਾਦ ਕੀਤਾ।

## ਤਾਜ ਪਬਲਿਕ ਸਕੂਲ ਦਾ ਬਾਰਵੀਂ ਕਾਲਸ ਦਾ ਨਤੀਜਾ ਰਿਹਾ ਸ਼ਾਨਦਾਰ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਲੁਧਿਆਣਾ, 14 ਮਈ:ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਨੇ ਆਪਣੇ ਸੀ.ਐਸ.ਆਰ ਪਹਿਲਕਦਮੀ ਪ੍ਰੋਜੈਕਟ ਨਾਰੀ ਸ਼ਕਤੀ ਦੇ ਤਹਿਤ ਅੱਜ ਮਿੰਨੀ ਸਕੱਤਰੇਤ ਲੁਧਿਆਣਾ ਵਿੱਚ ਹੁਨਰ ਵਿਕਾਸ ਕੇਂਦਰ ਲਈ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੂੰ 8 ਲੱਖ ਰੁਪਏ ਦਾ ਚੈੱਕ ਸੌਂਪਿਆ।


ਇਹ ਚੈੱਕ ਸੀ.ਐਸ.ਆਰ ਮੁਖੀ ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਅਮਿਤ ਧਵਨ ਨੇ ਚੇਅਰਮੈਨ ਵੀ.ਐਸ.ਐਲ ਸਚਿਤ ਜੈਨ ਦੀ ਤਰਫੋਂ ਸੌਂਪਿਆ ਗਿਆ।

ਅਮਿਤ ਧਵਨ ਨੇ ਸਾਂਝਾ ਕੀਤਾ ਕਿ ਇਸ ਤੋਂ ਇਲਾਵਾ ਵਰਧਮਾਨ ਸਟੀਲਜ਼ ਟੀ.ਬੀ ਦੇ ਮਰੀਜ਼ਾਂ ਲਈ ਫੂਡ ਕਿੱਟਾਂ ਲਈ ਰੈੱਡ ਕਰਾਸ ਨੂੰ 6 ਲੱਖ ਰੁਪਏ ਅਤੇ ਪ੍ਰਸ਼ਾਸਨਿਕ ਡਾਕਟਰੀ ਸਹੂਲਤਾਂ ਦਾ ਸਮਰਥਨ ਕਰਨ ਲਈ ਆਪਣੀ ਸੀ.ਐਸ.ਆਰ ਪਹਿਲਕਦਮੀ ਦੇ ਤਹਿਤ 50 ਸਿਹਤ ਸੇਵਕਾਂ ਨੂੰ ਪ੍ਰਦਾਨ ਕਰੇਗਾ। ਉਨ੍ਹਾਂ ਸਾਂਝਾ ਕੀਤਾ ਕਿ ਵਰਧਮਾਨ ਸਟੀਲਜ਼ 100 ਝੁੱਗੀਆਂ-ਝੌਂਪੜੀਆਂ ਦੇ ਬੱਚਿਆਂ ਨੂੰ 30 ਲੱਖ ਰੁਪਏ ਪ੍ਰਤੀ ਸਾਲ ਦੀ ਸਹਾਇਤਾ ਨਾਲ ਜੀਵਨ ਭਰ ਮੁਫ਼ਤ ਸਿੱਖਿਆ ਦਾ ਵੀ ਸਮਰਥਨ ਕਰ ਰਿਹਾ ਹੈ।

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਵਰਧਮਾਨ ਸਪੈਸ਼ਲ ਸਟੀਲਜ਼ ਅਤੇ ਸਚਿਤ ਜੈਨ ਦਾ ਅਜਿਹੇ ਨੇਕ ਕੰਮਾਂ ਵਿੱਚ ਸਮਰਥਨ ਲਈ ਦਿਲੋਂ ਧੰਨਵਾਦ ਕੀਤਾ।

## 'ਸਾਚੀ ਸਾਖੀ ਦਾ ਅਸਲੀ ਸੱਚ'—ਸਿੱਖੀ ਦੇ ਪਹਿਚਾਣ ਚਿੰਨ੍ਹਾਂ ਦੀ ਨਿਸ਼ਾਨਦੇਹੀ ਕਰਦੀ ਹੈ

ਵਰਲਡ ਪੰਜਾਬੀ ਟਾਈਮਜ਼
ਡਾ. ਤੇਜਵੰਤ ਮਾਨ ਸਾਹਿਤ ਰਤਨ




ਸਿੱਖ ਵਿਦਵਾਨ ਸਿਰਦਾਰ ਕਪੂਰ ਸਿੰਘ ਅਜੋਕੀ ਸਿੱਖ ਵਿਦਵਾਨੀ ਦੀ ਮਹੱਤਵਪੂਰਨ ਪਹਿਚਾਣ ਹਨ। ਉਨ੍ਹਾਂ ਦੀ ਰਚਨਾ ਦਾ ਮਹੱਤਵ ਸਿੱਖੀ ਦੇ ਪਹਿਚਾਣ ਚਿੰਨ੍ਹਾਂ ਦਾ ਸਹੀ ਸੰਦਰਭ ਵਿਚ ਮੁਲੰਕਣ ਕਰਨਾ ਹੈ। ਉਨ੍ਹਾਂ ਦੀ ਪੁਸਤਕ 'ਸਾਚੀ ਸਾਖੀ* ਦੀ ਮਹੱਤਤਾ ਏਨੀ ਵਧੀ ਕਿ ਅੱਜ ਇਹ ਪੁਸਤਕ ਅਧਿਐਨ ਲਈ ਉਪਲਬਧ ਨਹੀਂ ਸੀ। ਡਾ. ਭਗਵੰਤ ਸਿੰਘ ਦਾ ਇਹ ਯਤਨ ਅਤਿਅੰਤ ਸ਼ਲਾਘਾਯੋਗ ਹੈ। ਸਾਚੀ ਸਾਖੀ ਦਾ ਸੱਚ ਜਾਨਣ ਲਈ ਇਸ ਪੁਸਤਕ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ ਜਦੋਂ ਡਾ. ਭਗਵੰਤ ਸਿੰਘ ਅਤੇ ਸੰਦੀਪ ਸਿੰਘ ਇਸ ਪੁਸਤਕ ਦਾ ਮੁਲੰਕਣ ਵਿਧੀ ਰਾਹੀਂ ਅਧਿਐਨ ਕਰਦੇ ਹਨ। ਬਹੁਤ ਸਾਰੇ ਵਿਚਾਰਾਂ ਦਾ ਖੰਡਨ ਜਾਂ ਮੰਡਨ ਕਰਨ ਲਈ ਡਾ. ਸਾਹਿਬ ਨੇ ਕਈ ਵਿਦਵਾਨ ਖੋਜਕਾਰਾਂ ਦੀ ਵਿਚਾਰਧਾਰਾ ਦਾ ਗੰਭੀਰਤਾ ਨਾਲ ਅਧਿਐਨ ਕੀਤਾ ਹੈ।ਇਹ ਪਹਿਲੀ ਵਾਰ ਹੈ ਕਿ ਸਿਰਦਾਰ ਕਪੂਰ ਸਿੰਘ ਦੇ ਸਿਧਾਂਤਾਂ ਦਾ ਵਿਸ਼ਲੇਸਣ ਉਪਲਬਧ ਵਿਭਿੰਨ ਵਿਦਵਾਨਾਂ ਦੀਆਂ ਵਿਚਾਰਧਾਰਕ ਕ੍ਰਿਤਾਂ ਦਾ ਗੰਭੀਰ ਅਧਿਐਨ ਕਰਕੇ ਇਕ ਸੰਤੁਲਿਤ ਧਾਰਨਾ ਪ੍ਰਸਤੁਤ ਕੀਤੀ ਹੈ। ਅਨੇਕਾਂ ਵਿਦਵਾਨਾਂ ਦੇ ਵਿਚਾਰਾਂ ਨੂੰ ਇਕੱਤਰ ਕਰਕੇ ਉਨ੍ਹਾਂ ਨੂੰ ਇਕ ਲੜੀ ਵਿਚ ਪਰੋਇਆ ਹੈ ਇਸ ਪ੍ਰਕਾਰ ਸੁਹਿਰਦ ਖੋਜੀਆਂ ਨੇ ਸਿਰਦਾਰ ਕਪੂਰ ਸਿੰਘ ਬਾਰੇ ਪਾਏ ਜਾ ਰਹੇ ਭਰਮ— ਭੁਲੇਖਿਆਂ ਨੂੰ ਦੂਰ ਕਰਨ ਦਾ ਸਫਲ ਉਪਰਾਲਾ ਕੀਤਾ ਹੈ। ਸਿਰਦਾਰ ਕਪੂਰ ਸਿੰਘ ਦੇ ਜੀਵਨ ਤੇ ਕਾਰਜਾਂ ਬਾਰੇ ਅਨੇਕਾਂ ਅਦ੍ਰਿਸ਼ ਪੱਖਾਂ ਨੂੰ ਪਾਠਕਾਂ ਦੇ ਰੂ—ਬ—ਰੂ ਕੀਤਾ ਹੈ। ਸਾਚੀ ਸਾਖੀ ਵਿੱਚ ਸਿਰਦਾਰ ਕਪੂਰ ਸਿੰਘ ਨੇ ਅਨੇਕਾਂ ਇਤਿਹਾਸਕ ਸਮਾਜਕ, ਰਾਜਨੀਤਕ, ਧਾਰਮਿਕ ਘਟਨਾਵਾਂ ਦਾ ਜ਼ਿਕਰ ਬਹੁਤ ਪੁਖ਼ਤਗੀ ਨਾਲ ਕੀਤਾ ਹੈ। ਸ਼ਰੱਈ ਏਕਾਕੇਂਦ੍ਰਤ ਇਸਲਾਮੀ ਸਮਾਜ ਦਾ ਵਿਕਰਾਲ ਰੂਪ ਜਿਆਉਦੀਨ ਬਰਨੀ ਜੋ ਸੁਲਤਾਨ ਅਲਾਉਦੀਨ ਖਿਲਜ਼ੀ ਦਾ ਸਮਾਕਲੀ ਸੀ ਦੀ ਪੁਸਤਕ 'ਤਾਰੀਖ—ਫਿਰੋਜ਼ਸ਼ਾਹੀ* ਦੇ ਰਾਹੀਂ ਪ੍ਰਤਸੁਤ ਹੁੰਦਾ ਹੈ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਹੈ ਜੋ ਲੂੰ ਕੰਡੇ ਖੜ੍ਹੇ ਕਰ ਦਿੰਦਾ ਹੈ। ਸੁਲਤਾਨ ਨੇ ਕਾਜ਼ੀ ਕੋਲੋਂ ਇਹ ਪੁੱਛਿਆ ਕਿ 'ਸ਼ਰਅ ਦੇ ਮੁਤਾਬਿਕ ਕਿਸ ਹਿੰਦੂ ਨੂੰ ਖਰਾਜ਼ ਗੁਜ਼ਾਰ ਕਿਹਾ ਜਾਂਦਾ ਹੈ। ਕਾਜ਼ੀ ਨੇ ਉੱਤਰ ਦਿੱਤਾ 'ਸ਼ਰਅ ਦੇ ਮੁਤਾਬਿਕ ਉਸ ਹਿੰਦੂ ਨੂੰ ਖਰਾਜ਼ ਗੁਜ਼ਾਰ ਕਿਹਾ ਜਾਵੇਗਾ ਜੋ ਉਸ ਵੇਲੇ ਜਦੋਂ ਸਰਕਾਰੀ ਉਗਰਾਹੀ ਕਰਨ ਵਾਲਾ ਚਾਂਦੀ ਮੰਗੇ ਤਦ ਉਹ ਹਿੰਦੂ ਬਿਨਾਂ ਵਿਲੰਬ ਅਤਿ ਅਧੀਨਗੀ ਨਾਲ ਸੋਨਾ ਪੇਸ਼ ਕਰੇ, ਅਤੇ ਜੇ ਉਗਰਾਹੀ ਕਰਨ ਵਾਲਾ ਉਸਦੇ ਮੂੰਹ ਵਿੱਚ ਥੁੱਕੇ ਤਾਂ ਉਹ ਬਿਨਾਂ ਗਿਲਾਨੀ ਕੀਤੇ ਦੇ ਆਪਣਾ ਮੂੰਹ ਅੱਡ ਦੇਵੇ ਅਤੇ ਨਾਲ ਹੀ ਉਗਰਾਹੀ ਕਰਨ ਵਾਲੇ ਦੀ ਪੂਰੀ ਸੇਵਾ—ਟਹਿਲ ਕਰੇ।

'ਸਾਖੀ ਸਾਚੀ ਦਾ ਅਸਲੀ ਸੱਚ' ਪੁਸਤਕ ਅਨੇਕਾਂ ਹਵਾਲਿਆਂ ਨੂੰ ਪਹਿਲੀ ਵਾਰ ਸਾਹਮਣੇ ਲਿਆਉਂਦੀ ਹੈ। ਸਾਚੀ ਸਾਖੀ ਦਾ ਮੁਲਾਂਕਣ ਕਰਨ ਸਮੇਂ ਸਿੱਖ ਵਿਚਾਰਧਾਰਾ ਦੇ ਦਿੱਗਜ਼ ਚਿੰਤਕਾਂ ਦੀਆਂ ਲਿਖਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਸ. ਗੁਰਤੇਜ ਸਿੰਘ, ਪ੍ਰਿੰਸੀਪਲ ਭਰਪੂਰ ਸਿੰਘ, ਡਾ. ਸਵਰਾਜ ਸਿੰਘ, ਜੈ—ਤੇਗ ਸਿੰਘ ਅਨੰਤ, ਡਾ. ਭਗਵਾਨ ਸਿੰਘ, ਪ੍ਰੋ. ਹਰਪਾਲ ਸਿੰਘ, ਗਜਿੰਦਰ ਸਿੰਘ, ਡਾ. ਜਸਵੀਰ ਸਿੰਘ ਸਾਬਰ, ਭਾਈ ਹਰੀਸਿਮਰਨ ਸਿੰਘ, ਹਰਪਾਲ ਸਿੰਘ ਸੇਵਕ, ਡਾ. ਭਗਵੰਤ ਸਿੰਘ, ਪ੍ਰੋ. ਅਵਤਾਰ ਸਿੰਘ, ਪ੍ਰੋ. ਪ੍ਰੀਤਮ ਸਿੰਘ, ਗੁਰਚਰਨਜੀਤ ਸਿੰਘ ਲਾਂਬਾ, ਡਾ. ਮੇਘਾ ਸਿੰਘ, ਖੁਸ਼ੀ ਰਾਮ, ਸੁਤੇ ਅਹੀਰ, ਤੇਜਾ ਸਿੰਘ ਤਿਲਕ, ਅਲਬੇਲ ਸਿੰਘ ਗਰੇਵਾਲ, ਦਵਿੰਦਰ ਸਿੰਘ ਗਿੱਲ ਜੀਆ ਨੱਥਾ, ਗੁਰਮੀਤ ਸਿੰਘ ਐਡਵੋਕੇਟ ਆਦਿ ਦੇ ਲੇਖਾਂ ਨੂੰ ਪੁਸਤਕ ਵਿੱਚ ਸ਼ਾਮਿਲ ਕਰਕੇ ਡਾ. ਭਗਵੰਤ ਸਿੰਘ ਹੁਰਾਂ ਨੇ ਸਿਰਦਾਰ ਕਪੂਰ ਸਿੰਘ ਤੇ 'ਸਾਚੀ ਸਾਖੀ* ਬਾਰੇ ਆਪਣੀਆਂ ਸਥਾਪਤ ਕੀਤੀਆਂ ਧਾਰਨਾਵਾਂ ਦੀ ਪੁਸ਼ਟੀ ਕੀਤੀ ਹੈ। ਸਾਚੀ ਸਾਖੀ ਅਜੋਕੇ ਪ੍ਰਸੰਗ ਅਤੇ ਘਟਨਾਵਾਂ ਦੇ ਸੰਦਰਭ ਵਿੱਚ ਪੂਰੀ ਤਰ੍ਹਾਂ ਤਰਕ ਸੰਗਤ ਹੈ। ਸਿਰਦਾਰ ਕਪੂਰ ਸਿੰਘ ਦੀਆਂ ਹੱਥ ਲਿਖਤਾਂ ਦੇ ਨਮੂਨੇ ਉਨ੍ਹਾਂ ਦੀ ਪੁਸਤਕ 'ਸਾਚੀ ਸਾਖੀ' ਦਾ ਮੂਲ ਪਾਠ, ਅਨੇਕਾਂ ਦੁਰਲੱਭ ਤਸਵੀਰਾਂ ਅਤੇ ਬਹੁਚਰਚਿਤ ਅਨੰਦਪੁਰ ਸਾਹਿਬ ਦੇ ਮਤੇ ਦੇ ਖਰੜੇ ਦੀ ਫੋਟੋ ਕਾਪੀ ਸ਼ਾਮਿਲ ਕਰਕੇ ਪੁਸਤਕ ਨੂੰ ਇਤਿਹਾਸਕ ਦਸਤਾਵੇਜ ਬਣਾ ਦਿੱਤਾ ਹੈ। ਲੋਕ ਗੀਤ ਪ੍ਰਕਾਸ਼ਨ ਮੁਹਾਲੀ/ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ 505 ਪੰਨਿਆਂ ਦੀ ਵੱਡ ਆਕਾਰੀ ਵਿਲੱਖਣ ਪੁਸਤਕ 'ਸਾਖੀ ਸਾਚੀ ਦਾ ਅਸਲੀ ਸੱਚ' ਪੰਜਾਬੀ ਸਾਹਿਤ ਜਗਤ ਵਿੱਚ ਨਵਾਂ ਬਿਰਤਾਂਤ ਸਿਰਜੇਗੀ। ਮੈਂ ਇਸ ਕਾਰਜ ਲਈ ਡਾ. ਭਗਵੰਤ ਸਿੰਘ ਅਤੇ ਸੰਦੀਪ ਸਿੰਘ ਨੂੰ ਵਧਾਈ ਦਿੰਦਾਂ ਹਾਂ।

## ਬਲਾਤਕਾਰ ਇਸ ਤਰਾਂ ਵੀ ਹੁੰਦਾ ਹੈ



ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ

ਇਹ ਜ਼ਰੂਰੀ ਤੇ ਨਹੀਂ
ਕਿ ਔਰਤ ਦੇ ਜਿਸਮ ਦਾ
ਸੋਸ਼ਣ ਕਰਨ ਨਾਲ ਹੀ
ਬਲਾਤਕਾਰ ਹੁੰਦਾ ਹੈ
ਔਰਤ ਜੱਦ ਕਿਸੇ ਤੇ
ਬਹੁਤ ਜ਼ਿਆਦਾ ਭਰੋਸਾ ਕਰਦੀ ਹੈ
ਕਿਸੇ ਨੂੰ ਬਹੁਤ ਮੁਹੱਬਤ ਕਰਦੀ ਹੈ
ਜ਼ਰੂਰੀ ਨਹੀਂ ਕਿ ਉਹ ਪ੍ਰੇਮੀ ਹੀ ਹੋਏ
ਕੋਈ ਵੀ ਰਿਸ਼ਤਾ ਹੋ ਸਕਦਾ ਹੈ
ਜੱਦ ਉਹ ਕਦਰ ਨਹੀਂ ਕਰਦੇ
ਔਰਤ ਦੇ ਭਰੋਸੇ ਨੂੰ, ਵਿਸ਼ਵਾਸ ਨੂੰ
ਕੋਈ ਠੇਸ ਪਹੁੰਚਾਉਂਦਾ ਹੈ
ਔਰਤ ਤੇ ਕੋਈ ਬਿਨਾ ਵਜ੍ਹਾ
ਸ਼ੱਕ ਕਰੇ, ਜੋ ਤੁਹਾਨੂੰ
ਬਹੁਤ ਪਿਆਰਦੀ ਤੇ ਸਤਿਕਾਰਦੀ ਹੈ
ਝੂਠੇ ਤੇ ਈਰਖਾ ਨਾਲ ਭਰੇ ਹੋਏ
ਲੋਕਾਂ ਦੇ ਬਹਿਕਾਵੇ ਵਿੱਚ ਆ
ਔਰਤ ਤੇ ਇਲਜ਼ਾਮ ਲਗਾਉਂਦੇ ਹੋ
ਇਸਤੋਂ ਵੱਡਾ ਬਲਾਤਕਾਰ
ਹੋਰ ਕੀ ਹੋਏਗਾ
ਉਸਦੇ ਵਜੂਦ ਨੂੰ ਡਾਢੀ
ਸੱਟ ਲੱਗਦੀ ਹੈ
ਅੰਦਰ ਹੀ ਅੰਦਰ ਉਹ
ਵਿਰਲਾਪ ਕਰਦੀ ਹੈ
ਯਾਦ ਰੱਖਣਾ
ਰਾਤ ਨੂੰ ਜੱਦ ਸੋਵੋਂਗੇ ਤੇ
ਉਸ ਔਰਤ ਦੀਆਂ ਮੋਨ ਚੀਕਾਂ ਸੁਣ
ਤੁਹਾਡੇ ਕੰਨਾਂ ਦੇ ਪਰਦੇ ਫੱਟ ਜਾਣਗੇ
ਉਸਦੇ ਸ਼ਬਦਾਂ ਦਾ ਰੁਦਨ
ਸਹਿ ਨਹੀਂ ਸਕੋਗੇ
ਤੁਹਾਡਾ ਦਿਮਾਗ਼ ਸੁੰਨ ਹੋ ਜਾਏਗਾ
ਉਸ ਦੀਆਂ ਹੰਝੂ ਭਰੀਆਂ ਅੱਖਾਂ,
ਉਸਦੇ ਹੌਕੇ, ਸਿਸਕੀਆਂ,
ਹਰ ਪੱਲ ਤੁਹਾਡਾ ਪਿੱਛਾ ਕਰਨ ਗੀਆਂ
ਇਹ ਜ਼ਰੂਰੀ ਤੇ ਨਹੀਂ
ਕਿ ਔਰਤ ਦੇ ਜਿਸਮ ਦਾ
ਸੋਸ਼ਣ ਕਰਨ ਨਾਲ ਹੀ
ਬਲਾਤਕਾਰ ਹੁੰਦਾ ਹੈ
ਔਰਤ ਦਾ ਮਾਨਸਿਕ ਸੋਸ਼ਨ
ਕਰਨਾ ਵੀ ਬਲਾਤਕਾਰ ਹੁੰਦਾ ਹੈ
ਹਾਂ ਬਲਾਤਕਾਰ ਇਸ ਤਰਾਂ ਵੀ ਹੁੰਦਾ ਹੈ।

## ਸਰਬਜੀਤ ਕੰਗਣੀਵਾਲ ਦੀ ਪੁਸਤਕ 'ਸੰਪਾਦਕੀ ਪੰਨਾ ਤੇ ਮਿਡਲ' ਨਵਾਂ ਅਧਿਆਇ

ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ




ਸਰਬਜੀਤ ਕੰਗਣੀਵਾਲ ਇੱਕ ਪ੍ਰਤੀਬੱਧ ਪੱਤਰਕਾਰ ਹੈ। ਇਸ ਸਮੇਂ ਉਹ ਸਥਾਪਤ ਹੋ ਚੁੱਕਾ ਲੇਖਕ, ਪੱਤਰਕਾਰ ਅਤੇ ਸੰਪਾਦਕ ਹੈ। ਪ੍ਰੰਤੂ 'ਸੰਪਾਦਕੀ ਪੰਨਾ ਤੇ ਮਿਡਲ' ਉਸਦੀ ਪਲੇਠੀ ਪੁਸਤਕ ਹੈ। ਇਸ ਪੁਸਤਕ ਤੋਂ ਬਾਅਦ ਉਹ ਤਿੰਨ ਪੁਸਤਕਾਂ ਲਿਖ ਚੁੱਕਾ ਹੈ, ਜਿਨ੍ਹਾਂ ਵਿੱਚ ਸਭ ਤੋਂ ਮਹੱਤਵਪੂਰਨ ਉਸਦੀ 'ਪੰਜਾਬ ਦੀ ਖੱਬੀ ਪੱਖੀ ਲਹਿਰ' (ਬਸਤੀਵਾਦ ਤੋਂ ਮੁਕਤੀ ਤੱਕ) ਦੀ ਪਹਿਲੀ ਜਿਲਦ ਪੁਸਤਕ ਹੈ। ਇਸ ਪੁਸਤਕ ਦੀ ਦੂਜੀ ਜਿਲਦ ਪ੍ਰਕਾਸ਼ਨਾ ਅਧੀਨ ਹੈ। ਉਸਦੀ ਇੱਕ ਹੋਰ ਪੁਸਤਕ 'ਪੱਤਰਕਾਰਿਤਾ ਸਮਾਜ ਏਂਵ ਬਾਜ਼ਾਰ' ਹਿੰਦੀ ਵਿੱਚ ਪ੍ਰਕਾਸ਼ਤ ਹੋਈ ਹੈ। ਚਰਚਾ ਅਧੀਨ 'ਸੰਪਾਦਕੀ ਪੰਨਾ ਤੇ ਮਿਡਲ' ਪੁਸਤਕ ਵਿੱਚ ਉਸ ਦੇ ਦੇਸ਼ ਸੇਵਕ ਅਖ਼ਬਾਰ ਦੇ ਸੰਪਾਦਕੀ ਪੰਨੇ 'ਤੇ ਪ੍ਰਕਾਸ਼ਤ ਹੋਏ ਛੋਟੇ-ਛੋਟੇ ਅਠਾਈ ਮਿਡਲ ਤੇ ਲੇਖ ਹਨ, ਜਿਨ੍ਹਾਂ ਨੂੰ ਮਿਡਲ ਕਿਹਾ ਜਾਂਦਾ ਹੈ। ਇਹ ਮਿਡਲ ਲੇਖ ਉਸ ਸਮੇਂ ਇੱਕ ਨਵੀਂ ਤਕਨੀਕ ਸੀ, ਜੋ ਅੱਜ ਕਲ੍ਹ ਕਾਫ਼ੀ ਪ੍ਰਚਲਤ ਹੈ। ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਸੰਪਾਦਕੀ ਪੰਨੇ ਵਾਲੇ ਲੇਖ ਵੱਡੇ ਤੇ ਬੋਝਲ ਹੁੰਦੇ ਹਨ ਪ੍ਰੰਤੂ ਮਿਡਲ ਕਿਸੇ ਇੱਕ ਵਿਸ਼ੇ 'ਤੇ ਲਿਖੇ ਛੋਟੇ-ਛੋਟੇ ਤੇ ਦਿਲਚਸਪ ਹੁੰਦੇ ਹਨ। ਸਰਬਜੀਤ ਕੰਗਣੀਵਾਲ ਨੇ ਇਹ ਲੇਖ ਆਪਣੀ ਨਿੱਜੀ ਜ਼ਿੰਦਗੀ ਦੇ ਤਜ਼ਰਬਿਆਂ 'ਤੇ ਅਧਾਰਤ ਲਿਖੇ ਹਨ। ਨਿੱਜੀ ਹੋਣ ਕਰਕੇ ਪਰਸਨਲ ਟੱਚ ਦਿੱਤੀ ਗਈ ਹੈ, ਜਿਸ ਕਰਕੇ ਇਹ ਦਿਲਚਸਪ ਬਣ ਗਏ ਹਨ। ਇਸ ਪੁਸਤਕ ਦੀ ਇੱਕ ਬਹੁਤ ਮਹੱਤਵਪੂਰਨ ਗੱਲ ਹੈ ਕਿ ਇਹ ਸਾਡੀ ਦਿਹਾਤੀ ਸ਼ਬਦਾਵਲੀ ਨੂੰ ਸਾਂਭ ਕੇ ਰੱਖਣ ਵਿੱਚ ਸਹਾਈ ਹੋਵੇਗੀ। ਇਸ ਸਮੇਂ ਇਹ ਸ਼ਬਦਾਵਲੀ ਅਲੋਪ ਹੋ ਰਹੀ ਹੈ। ਪਹਿਲਾ ਮਿਡਲ 'ਦੀਵੇ ਥੱਲੇ ਹਨ੍ਹੇਰਾ' ਛੋਟੇ ਬੱਚਿਆਂ ਦੀ ਬਾਲ ਮਜ਼ਦੂਰੀ ਸੰਬੰਧੀ ਵਿਦਿਆ ਦੇ ਕੇਂਦਰ ਯੂਨੀਵਰਸਿਟੀ ਵਿੱਚ ਸ਼ੰਕਰ ਨਾਂ ਦਾ ਬੱਚਾ ਪੜ੍ਹਨ ਦੀ ਉਮਰ ਮੈਸ ਬੁਆਏ ਦੇ ਤੌਰ 'ਤੇ ਕੰਮ ਕਰਦਾ ਹੋਇਆ ਹੋਸਟਲ ਦੇ ਵਿਦਿਆਰਥੀਆਂ ਨੂੰ ਪੜ੍ਹਨ ਲਈ ਪ੍ਰੇਰਤ ਕਰਦਾ ਹੈ। ਦੂਜਾ ਮਿਡਲ 'ਮੱਲ, ਮਾਵਾ ਅਤੇ ਮਾਲੀ' ਪਿੰਡਾਂ ਵਿੱਚੋਂ ਖੇਡਾਂ ਖਾਸ ਤੌਰ 'ਤੇ ਪਹਿਲਵਾਨੀ ਦੇ ਅਲੋਪ ਹੋਣ ਅਤੇ ਖਾਣ ਪੀਣ ਦੀਆਂ ਆਦਤਾਂ ਤੇ ਕਿੰਤੂ-ਪ੍ਰੰਤੂ ਕਰਦਾ ਹੈ। 'ਸ਼ਾਂਤੀ ਅਜੇ ਸ਼ਾਂਤ ਹੈ' ਮਿਡਲ ਬੇਰੋਜ਼ਗਾਰੀ ਦੀ ਮੂੰਹ ਬੋਲਦੀ ਤਸਵੀਰ ਅਤੇ ਯੂਨੀਵਰਸਿਟੀਆਂ ਦੀ ਜ਼ਿੰਦਗੀ ਦੇ ਚਸਕੇ ਦਾ ਨਮੂਨਾ ਹੈ। 'ਬੇਰੋਜ਼ਗਾਰੀ ਦੇ ਜ਼ਖ਼ਮ' ਵੀ ਬੇਰੋਜ਼ਗਾਰੀ ਅਤੇ ਧਾਰਮਿਕ ਪਖੰਡੀਆਂ ਦੇ ਬੋਲਬਾਲੇ ਸੰਬੰਧੀ ਹੈ। 'ਇੱਕ ਗੱਲ ਭਾਸ਼ਾ ਦੀ' ਵਿੱਚ ਦੱਸਿਆ ਹੈ ਕਿ ਪੰਜਾਬੀ ਦੂਜੇ ਸੂਬਿਆਂ ਵਿੱਚੋਂ ਆਏ ਪ੍ਰਵਾਸੀਆਂ ਨੂੰ ਪੰਜਾਬੀ ਸਿੱਖਾਉਣ ਦੀ ਥਾਂ ਉਨ੍ਹਾਂ ਦੀ ਮਿਲਗੋਭਾ ਬੋਲੀ ਬੋਲਣ ਲੱਗ ਜਾਂਦੇ ਹਨ। ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਪੰਜਾਬੀ ਵਿੱਚ ਘਸੋੜ ਰਹੇ ਹਨ। ਬੁੱਧੀਜੀਵੀ ਵਿਦਵਾਨ ਔਖੀ ਸ਼ਬਦਵਲੀ ਬੋਲਣ ਨੂੰ ਹੀ ਵਿਦਵਤਾ ਸਮਝਦੇ ਹਨ। 'ਗਿੜਦਾ ਪੜ੍ਹੂਆ ਅਤੇ ਪੋਠੋਹਾਰ ਦੀ ਕੁੜੀ' ਮਿਡਲ ਪੰਜਾਬ ਦੇ ਵਿਕਾਸ ਸੰਬੰਧੀ ਜਾਣਕਾਰੀ ਦਿੰਦਾ ਹੈ। ਆਵਾਜਾਈ ਦੇ ਸਾਧਨ ਪਹਿਲਾਂ, ਟਾਂਗੇ, ਟੈਪੂ ਭੂੰਡ, ਬੱਸਾਂ ਅਤੇ ਜ਼ਹਾਜਾਂ ਤੱਕ ਪਹੁੰਚ ਗਏ ਹਨ ਪ੍ਰੰਤੂ ਇਸ ਵਿੱਚ ਗ਼ਰੀਬਾਂ ਦੇ ਰੋਜ਼ਗਾਰ ਖੁਸ ਜਾਣ ਦਾ ਦੁੱਖ ਵੀ ਪ੍ਰਗਟ ਹੁੰਦਾ ਹੈ। 'ਦੋ ਪੱਤਾਂ ਨਿਕਲ ਲੈਣ' ਵਿੱਚ ਪਿੰਡਾਂ ਦੀ ਜ਼ਿੰਦਗੀ ਵਿੱਚ ਮਿਹਨਤ ਕਰਨ ਕਰਕੇ ਤੰਦਰੁਸਤੀ ਰਹਿੰਦੀ ਸੀ, ਸੈਰ ਕਰਨ ਦੀ ਲੋੜ ਨਹੀਂ ਪੈਂਦੀ ਸੀ ਪ੍ਰੰਤੂ ਹੁਣ ਮਿਹਨਤ ਨਾ ਕਰਨ ਕਰਕੇ ਸੈਰ ਜ਼ਰੂਰੀ ਬਣ ਗਈ ਹੈ। ਗ਼ਰੀਬਾਂ ਦੀ ਮਿਹਨਤ ਹੀ ਸੈਰ ਹੁੰਦੀ ਸੀ। 'ਕਬਰਾਂ ਵਾਲਾ ਸਕੂਲ' ਪਹਿਲਾਂ ਸਕੂਲਾਂ ਵਿੱਚ ਦਾਖ਼ਲ ਹੋਣ ਦੀ ਸਮੱਸਿਆ ਨਹੀਂ ਸੀ ਤੇ ਦੀ ਨਾਮਾਤਰ ਫੀਸਾਂ ਵੀ ਦੇਣੀਆਂ ਔਖੀਆਂ ਲਗਦੀਆਂ ਸਨ। ਸਕੂਲਾਂ ਲਈ ਥਾਂ ਤੇ ਇਮਾਰਤ ਦਾ ਮਸਲਾ ਨਹੀਂ ਹੁੰਦੀ ਸੀ, ਜਿਥੇ ਜਗ੍ਹਾ ਮਿਲੀ ਉਥੇ ਸਕੂਲ ਬਣਾ ਲਿਆ, ਪ੍ਰੰਤੂ ਹੁਣ ਪਲੇਅ ਵੇਅ ਸਕੂਲਾਂ ਵਿੱਚ ਦਾਖਲੇ ਲਈ ਬੱਚਿਆਂ ਦੇ ਨਾਲ ਮਾਪਿਆਂ ਦੀ ਇੰਟਰਵਿਊ ਅਤੇ ਫੀਸਾਂ ਅਸਮਾਨ ਨੂੰ ਚੜ੍ਹ ਗਈਆਂ, ਬੱਚੇ ਪੜ੍ਹਾਉਣੇ ਮੁਸ਼ਕਲ ਹੋ ਗਏ। 'ਖ਼ਤ ਸਮੇਂ ਦੀਆਂ ਸੋਚਾਂ ਦੇ ਪ੍ਰਤੀਕ ਹੁੰਦੇ ਸਨ' ਮਿਡਲ ਵਿੱਚ ਕਬੂਤਰਾਂ ਅਤੇ ਖ਼ਤਾਂ ਰਾਹੀਂ ਸੰਦੇਸ਼ਾਂ ਦੀ ਅਹਿਮੀਅਤ ਹੁੰਦੀ ਸੀ। ਮੋਹ ਮੁਹੱਬਤ ਅਤੇ ਦੁੱਖ ਤਕਲੀਫ਼ ਦੇ ਸਹਾਈ ਹੁੰਦੇ ਸਨ। ਹੁਣ ਖ਼ਤ ਲਿਖਣੇ ਬੰਦ ਹੋ ਗਏ ਆਧੁਨਿਕਤਾ ਨੇ ਸਥਾਨ ਲੈ ਲਿਆ ਹੈ। ਪਹਿਲਾਂ ਖ਼ਤ ਇਤਿਹਾਸ ਦਾ ਹਿੱਸਾ ਬਣਦੇ ਸਨ। 'ਡੈਕ 'ਤੇ ਕੱਵਾਲੀਆਂ ਵੱਜਣ ਲੱਗੀਆਂ' ਵਿੱਚ ਧਾਰਮਿਕ ਸੰਸਥਾਵਾਂ ਵਿੱਚ ਆਈ ਗਿਰਾਵਟ ਅਤੇ ਡੇਰਾਵਾਦ ਪੈਸੇ ਕਮਾਉਣ ਦਾ ਨਵਾਂ ਪੈਂਤੜਾ ਬਾਰੇ ਜਾਣਕਾਰੀ ਦਿੱਤੀ ਗਈ ਹੈ। 'ਹਰ ਸੀਨੇ ਦੇ ਅੰਦਰ ਦਿਲ ਹੈ' ਵਿੱਚ ਚੰਡੀਗੜ੍ਹ ਨੂੰ ਇੱਕ ਪਾਸੇ ਪੱਥਰਾਂ ਦਾ ਸ਼ਹਿਰ ਕਹਿੰਦੇ ਹਨ ਪ੍ਰੰਤੂ ਇਥੇ ਵੀ ਦਿਲ ਧੜਕਦੇ ਹਨ। ਇੱਕ ਦੂਜੇ ਦੇ ਦਿਲਾਂ ਦੇ ਜਾਨੀ ਹਨ। ਦੁੱਖ ਸੁੱਖ ਦੇ ਸਾਥੀ ਹਨ। 'ਰੋਲੀ ਰੋਲ ਮਾਰੀ ਜਾ ਰਹੇ ਨੇ' ਪੁਰਾਣੇ ਸਮਿਆਂ ਵਿੱਚ ਧੋਖੇ ਘੋਲਾਂ ਸਮੇਂ ਪਹਿਲਵਾਨਾ ਨੇ ਕਰਨੇ ਤੇ ਅੱਜ ਕਲ੍ਹ ਖੇਡਾਂ ਵਿੱਚ ਰੋਲੀ ਭਾਵ ਰਲ ਮਿਲਕੇ ਖੇਡਾਂ ਖੇਡਣੀਆਂ ਤੇ ਲੋਕਾਂ ਨੂੰ ਬੁੱਧੂ ਬਣਾਉਣ ਦਾ ਸਿਲਸਿਲਾ ਲਗਾਤਾਰ ਜ਼ਾਰੀ ਹੈ। ਸਿਆਸਤਦਾਨ ਵੀ ਘੱਟ ਨਹੀਂ ਹਨ। ...'. . . ਏਨੀ ਕੁ ਕਾਣ ਤਾਂ ਚੱਲੂਗੀ' ਮਿਡਲ ਇੱਕ ਮਾਹਿਰ ਦੇ ਨਾਲ ਦੂਜੇ ਅਨੋਭੜ ਵਿਅਕਤੀ ਦਾ ਕੰਮ ਵੀ ਚਲ ਜਾਂਦਾ ਹੈ, ਜਿਵੇਂ ਦਾਸ਼ੀ ਦਾ ਆਪਣੇ ਭਰਾ ਨਾਲ ਕੰਮ ਚਲ ਗਿਆ। 'ਅਸੀਂ ਦੋ ਸੌ ਦੇ ਕੇ ਜਾਨ ਛੁਡਾਈ' ਵਿੱਚ ਦੱਸਿਆ ਹੈ ਕਿ ਇੱਕ ਪਾਸੇ ਤਾਂ ਗਊ ਨੂੰ ਮਾਤਾ ਕਿਹਾ ਜਾਂਦਾ ਹੈ, ਦੂਜੇ ਪਾਸੇ ਉਨ੍ਹਾਂ ਨੂੰ ਸੰਭਾਲਿਆ ਨਹੀਂ ਜਾਂਦਾ, ਜਦੋਂ ਉਹ ਦੁੱਧ ਦੇਣ ਜਾਂ ਵੱਛੇ ਕੰਮ ਦੇ ਨਹੀਂ ਰਹਿੰਦੇ ਤਾਂ ਉਨ੍ਹਾਂ ਨੂੰ ਅਵਾਰਾ ਛੱਡ ਦਿੱਤਾ ਜਾਂਦਾ ਹੈ। 'ਕਿਤਾਬਾਂ ਦੇ ਸ਼ਕੀਨ' ਮਿਡਲ ਵਿੱਚ ਪੁਸਤਕਾਂ ਤੇ ਅਖ਼ਬਾਰਾਂ ਦੀ ਪੜ੍ਹਾਈ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਹੈ। ਦੋਵੇਂ ਗਿਆਨ ਅਤੇ ਜਾਣਕਾਰੀ ਵਿੱਚ ਵਾਧਾ ਕਰਦੇ ਹਨ। 'ਗੋਰੇ ਖੂਹ ਦੀ ਮੌਣ' ਸਿੰਜਾਈ ਅਤੇ ਪੀਣ ਵਾਲੇ ਪਾਣੀ ਲਈ ਵਰਤੇ ਜਾਂਦੇ ਸਾਧਨਾ ਵਿੱਚ ਖੂਹ ਇੱਕ ਮੁੱਖ ਸੋਮਾ ਸੀ। ਹਰ ਖੂਹ ਦੀ ਆਪੋ ਆਪਣੀ ਮਹੱਤਤਾ ਹੁੰਦੀ ਸੀ। ਇਨ੍ਹਾਂ ਖੂਹਾਂ ਦੇ ਨਾਮ ਕਿਸੇ ਘਟਨਾ ਨਾਲ ਜੁੜੇ ਹੁੰਦੇ ਸਨ। ਸਵੱਛ ਤੇ ਸਾਫ ਸੁਥਰਾ ਪਾਣੀ ਪੀਣ ਦੀ ਨਸੀਹਤ ਵੀ ਦਿੰਦਾ ਹੈ। 'ਫਿਰ ਉਸੇ ਗਾਣੇ ਦੇ ਬੋਲ ਗੂੰਜਦੇ ਨੇ' ਮਿਡਲ ਵਿੱਚ ਪੁਰਾਣੇ ਸਮੇਂ ਦੇ ਵੈਲੀਆਂ ਅਤੇ ਵਰਤਮਾਨ ਕਾਕਿਆਂ ਨੂੰ ਇੱਕ ਸਿੱਕੇ ਦੇ ਦੋ ਪਾਸੇ ਕਿਹਾ ਹੈ, ਜਿਹੜੇ ਗ਼ਲਤ ਆਦਤਾਂ ਤੇ ਹਰਕਤਾਂ ਕਰਕੇ ਜਾਣੇ ਜਾਂਦੇ ਹਨ। 'ਬੌਂਸ ਦੀ ਦੋੜੀ' ਵਿਚ ਦੱਸਿਆ ਗਿਆ ਹੈ ਕਿ ਵਿਭਾਗਾਂ ਵਿੱਚ ਸੀਨੀਅਰ ਅਧਿਕਾਰੀ ਕਾਨੂੰਨਾਂ ਨੂੰ ਛਿੱਕੇ 'ਤੇ ਟੰਗ ਕੇ ਮਨਮਾਨੀਆਂ ਕਰਦੇ ਹਨ। ਜ਼ੋਰ ਜ਼ਬਰਦਸੀ ਭਾਰੂ ਹੈ। 'ਯੂ.ਜੀ.ਸੀ.ਦਾ ਮੇਲਾ' ਪੈਸੇ ਇਕੱਠੇ ਕਰਨ ਦਾ ਸਾਧਨ ਬਣਿਆਂ ਹੋਇਆ ਹੈ। ਸਿਖਿਆ ਦਾ ਕੇਂਦਰੀਕਰਨ ਕਰਨ ਵੱਲ ਕਦਮ ਹੈ। ਸਥਾਨਕ ਭਾਸ਼ਾਵਾਂ ਨੂੰ ਅਣਡਿਠ ਕੀਤਾ ਜਾਂਦਾ ਹੈ। ਖੋਜ ਦੀ ਪ੍ਰਵਿਰਤੀ ਨੂੰ ਨੁਕਸਾਨ ਕਰਦੇ ਹਨ। 'ਨਾਨਕਿਆਂ ਦੀ ਯਾਦ' ਵਿੱਚ ਲਿਖਿਆ ਹੈ ਕਿ ਪੁਰਾਣੇ ਸਮੇਂ ਸਕੂਲਾਂ ਵਿੱਚ 'ਵਾਢੀਆਂ ਦੀਆਂ ਛੁਟੀਆਂ ' ਹੁੰਦੀਆਂ ਸਨ, ਅੱਜ ਕਲ੍ਹ ਉਨ੍ਹਾਂ ਨੂੰ ਗਰਮੀਆਂ ਦੀਆਂ ਛੁਟੀਆਂ ਕਹਿੰਦੇ ਹਨ ਕਿਉਂਕਿ ਬੱਚਿਆਂ ਨੇ ਵਾਢੀਆਂ ਵੇਖੀਆਂ ਹੀ ਨਹੀਂ। ਨਾਨਕੇ ਜਾਣ ਦਾ ਰਿਵਾਜ਼ ਵੀ ਖ਼ਤਮ ਹੋ ਗਿਆ, ਹੁਣ ਬੱਚੇ ਛੁੱਟੀਆਂ ਵਿੱਚ ਸੈਰ ਕਰਨ ਜਾਂਦੇ ਹਨ। 'ਫ਼ੌਜੀ ਰੱਮ' ਫ਼ੌਜੀਆਂ ਲਈ ਆਨੰਦ ਮਾਨਣ ਦਾ ਸਾਧਨ ਹੁੰਦੀ ਹੈ, ਇਸ ਦੇ ਵਰਤਣ ਨਾਲ ਸਰੀਰਕ ਨੁਕਸਾਨ ਵੀ ਹੁੰਦਾ ਹੈ। ਲੜਾਈ ਦਾ ਕਾਰਨ ਵੀ ਬਣਦੀ ਹੈ। ' ਜੱਟ ਮਚਲਾ, ਖ਼ੁਦਾ ਨੂੰ ਲੈ ਗਏ ਚੋਰ. . .' ਵਿੱਚ ਜੱਟ ਦੇ ਅੱਖੜੇ ਸੁਭਾਅ ਦਾ ਵਰਣਨ ਕੀਤਾ ਗਿਆ ਹੈ। ਅੱਜ ਕਲ੍ਹ ਜੱਟਾਂ ਦੇ ਬੱਚੇ ਖੇਤੀ ਦਾ ਕੰਮ ਕਰਨੋ ਹੱਟ ਗਏ, ਉਹ ਤਾਂ ਸ਼ੌਕੀਨ ਹੋ ਗਏ। ਇਸ ਕਰਕੇ ਆਰਥਿਕ ਤੌਰ ਤੇ ਕਮਜ਼ੋਰ ਹੋ ਗਏ। 'ਵਹਿੜਕੇ ਨੇ ਗਲ਼ ਵਿੱਚ ਬਾਂਹ ਪਵਾ ਦਿੱਤੀ' ਵਿੱਚ ਦੱਸਿਆ ਹੈ ਕਿ ਜਿਹੜਾ ਵਿਅਕਤੀ ਕੰਮ ਜਾਣਦਾ ਹੈ, ਉਹੀ ਕਰ ਸਕਦਾ ਹੈ, ਭਾਵ ਜਿਸਕਾ ਕਾਮ ਉਸੀ ਕੋ ਸਾਜੇ ਦੂਸਰੇ ਕੀ ਤੋਂ ਬਾਂਸਰੀ ਵਾਜੇ ਦੀ ਕਹਾਵਤ ਢੁਕਦੀ ਹੈ। 'ਨਾਮਾ ਨਾਈ ਤੇ ਗਾਡੀ ਵਾਲਾ ਬਾਬੂ' ਆਧੁਨਿਕਤਾ ਦੇ ਆਉਣ ਨਾਲ ਗ਼ਰੀਬਾਂ ਦਾ ਨੁਕਸਾਨ ਹੋ ਗਿਆ ਹੈ। ਪੁਰਾਣੇ ਕਿੱਤੇ ਖ਼ਤਮ ਹੋ ਰਹੇ ਹਨ। 'ਹਿੰਦੁਸਤਾਨ ਤਾਲਿਬਾਨ' ਵਿੱਚ ਲੜਕੀਆਂ ਤੇ ਭਾਰਤ ਵਿੱਚ ਵੀ ਤਾਲਬਾਨੀਆਂ ਦੀ ਤਰ੍ਹਾਂ ਪਾਬੰਦੀਆਂ ਲਾ ਕੇ ਉਨ੍ਹਾਂ ਦੇ ਨਿੱਜੀ ਹਿੱਤਾਂ ਦਾ ਘਾਣ ਕੀਤਾ ਜਾ ਰਿਹਾ ਹੈ। 'ਤਵਿਆਂ ਤਵਿਆਂ ਵਾਲਾ' ਅਤੇ 'ਤਾਇਆ ਅਰਜਨ' ਦੋਵੇਂ ਪਿੰਡਾਂ ਦੇ ਲੋਕਾਂ ਖਾਸ ਤੌਰ 'ਤ ਛੜਿਆਂ ਦੇ ਸ਼ੌਕ ਤੇ ਸੁਭਾਅ ਅਵੱਲੇ ਹੁੰਦੇ ਹਨ, ਉਨ੍ਹਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। 107 ਪੰਨਿਆਂ, 20 ਰੁਪਏ ਕੀਮਤ ਵਾਲੀ ਇਹ

ਵਰਲਡ ਪੰਜਾਬੀ ਟਾਈਮਜ਼
ਸਰੂਪ ਸਿੰਘ